ਪੰਜਾਬ ਵਿਧਾਨ ਸਭਾ ਸਕੱਤਰੇਤ

ਵੀਰਵਾਰ, ਮਿਤੀ 21 ਫਰਵਰੀ, 2019 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ
ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ।

**ਕੈਪਟਿਵ ਮਾਈਨ (ਨਿੱਜੀ ਖਦਾਨ) ਵਿੱਚੋਂ ਕੋਲਾ ਕੱਢਣਾ**

**246. ਸਰਦਾਰ ਨਾਜ਼ਰ ਸਿੰਘ ਮਾਨਸ਼ਾਹੀਆ, ਐਮ.ਐਲ.ਏ:-** ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਪੰਜਾਬ ਸਰਕਾਰ ਨੂੰ ਆਪਣੇ ਥਰਮਲ ਪਲਾਂਟ ਨੂੰ ਚਲਾਉਣ ਲਈ ਕੋਲਾ ਉਪਲੱਬਧ ਕਰਨ ਲਈ ਸੈਂਟਰ ਸਰਕਾਰ ਵੱਲੋਂ ਕੋਈ ਕੈਪਟਿਵ ਮਾਈਨ (ਨਿੱਜੀ ਖਦਾਨ) ਅਲਾਟ ਹੋਈ ਹੈ; ਜੇਕਰ ਅਜਿਹਾ ਹੋਵੇ ਤਾਂ ਕੈਪਟਿਵ ਮਾਈਨ (ਨਿੱਜੀ ਖਦਾਨ) ਵਿੱਚੋਂ ਕੋਲਾ ਕੱਢਣਾ ਕਦੋਂ ਸ਼ੁਰੂ ਕੀਤਾ ਗਿਆ ਸੀ;

ਅ) ਮੌਜੂਦਾ ਸਮੇਂ ਤੇ ਇਸ ਖਾਨ ਵਿੱਚੋਂ ਕੋਲਾ ਕੱਢਣ ਦੀ ਕੀ ਸਥਿਤੀ ਹੈ ਅਤੇ ਜੇਕਰ ਇਸ ਸਮੇਂ ਕੋਲਾ ਨਹੀਂ ਕੱਢਿਆ ਜਾ ਰਿਹਾ ਤਾਂ ਇਸ ਦੇ ਕੀ ਕਾਰਨ ਹਨ?

**ਰਿਹਾਇਸ਼ੀ ਇਲਾਕਿਆਂ ਵਿਚ ਚਲਦੀਆਂ ਫੈਕਟਰੀਆਂ ਨੂੰ ਸ਼ਿਫਟ ਕਰਨਾ**

**247. ਸਰਦਾਰ ਨਾਜ਼ਰ ਸਿੰਘ ਮਾਨਸ਼ਾਹੀਆ, ਐਮ.ਐਲ.ਏ:-** ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਮੁੱਖ ਸ਼ਹਿਰਾਂ ਲੁਧਿਆਣਾ, ਜਲੰਧਰ, ਅਮ੍ਰਿਤਸਰ, ਬਰਨਾਲਾ ਅਤੇ ਗੋਬਿੰਦਗੜ੍ਹ ਦੇ ਮਾਸਟਰ ਪਲਾਨ ਪਾਸ ਹੋ ਚੁੱਕੇ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਇਨ੍ਹਾਂ ਉਦਯੋਗਿਕ ਸ਼ਹਿਰਾ ਦੇ ਰਿਹਾਇਸ਼ੀ ਇਲਾਕਿਆਂ ਵਿਚ ਚਲਦੀਆਂ ਫੈਕਟਰੀਆਂ ਨੂੰ ਸ਼ਿਫਟ ਕਰਨ ਦੀ ਕੋਈ ਤਜਵੀਜ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੈ ਤਾਂ ਇਹ ਫੈਕਟਰੀਆਂ ਕਿਸ ਮਿਤੀ ਤੱਕ ਸ਼ਿਫਟ ਕਰਨੀਆਂ ਹਨ ਅਤੇ ਕੀ ਇਨ੍ਹਾਂ ਫੈਕਟਰੀਆਂ ਨੂੰ ਨਿਸ਼ਚਤ ਮਿਤੀ ਤੱਕ ਸ਼ਿਫਟ ਕਰਨ ਲਈ ਕੋਈ ਉਦਯੋਗਿਕ ਖੇਤਰ ਬਣਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ?

**ਮਾਰਕਿਟ ਕਮੇਟੀ ਪਠਾਨਕੋਟ ਨੂੰ ਤੰਗ ਟੁੱਟੇ ਹੋਏ ਪੁਲਾਂ ਅਤੇ ਸੜਕਾਂ ਲਈ ਬਜਟ ਜਾਰੀ ਕਰਨਾ**

**260.** ਸ਼੍ਰੀ ਅਮਿਤ ਵਿੱਜ, ਐਮ.ਐਲ.ਏ.:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਮਾਰਕਿਟ ਕਮੇਟੀ ਪਠਾਨਕੋਟ ਨੂੰ ਅਪਗ੍ਰੇਡ ਕਰਨ ਅਤੇ ਇਸ ਅਧੀਨ ਆਉਂਦੇ ਤੰਗ ਟੁੱਟੇ ਹੋਏ ਪੁਲਾਂ ਲਈ ਲੱਗਭੱਗ 4.40 ਕਰੋੜ ਰੁਪਏ ਦਾ ਬਜਟ ਕਦੋਂ ਤੱਕ ਜਾਰੀ ਕਰ ਦਿੱਤਾ ਜਾਵੇਗਾ;

ਅ) ਮਾਰਕਿਟ ਕਮੇਟੀ ਪਠਾਨੋਕਟ ਅਧੀਨ ਆਉਂਦੀਆਂ ਸੜਕਾਂ ਲਈ ਲਗਭਗ 22 ਲੱਖ ਰੁਪਏ ਦਾ ਬਜਟ ਕਦੋਂ ਤੱਕ ਮੁਹੱਈਆ ਕਰਵਾ ਦਿੱਤਾ ਜਾਵੇਗਾ?

**ਲਾਮਿਨੀ ਕਾਲਜ਼ ਲਈ ਬਜਟ ਜਾਰੀ ਕਰਨਾ**

**261.** ਸ਼੍ਰੀ ਅਮਿਤ ਵਿੱਜ, ਐਮ.ਐਲ.ਏ.:- ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਲਾਮਿਨੀ ਕਾਲਜ਼, ਪਠਾਨਕੋਟ ਦੇ ਪੋਸਟ ਗ੍ਰੈਜੂਏਟ ਬਲਾਕ, ਵਿਦਿਆਰਥੀ ਸੈਂਟਰ ਅਤੇ ਦੋ ਬੱਸਾਂ ਲਈ 5 ਕਰੋੜ ਰੁਪਏ ਦਾ ਬਜਟ ਕਦੋਂ ਤੱਕ ਮੁਹੱਈਆ ਕਰਵਾ ਦਿੱਤਾ ਜਾਵੇਗਾ;

ਅ) ਲਾਮਿਨੀ ਕਾਲਜ਼, ਪਠਾਨਕੋਟ ਨੂੰ 2 ਕਰੋੜ ਦੀ ਗ੍ਰਾਂਟ ਕਦੋਂ ਜਾਰੀ ਕੀਤੀ ਜਾਵੇਗੀ ਜੋ ਕਿ ਪੰਜਾਬ ਸਰਕਾਰ ਵੱਲੋਂ ਸਲਾਨਾ ਜਾਰੀ ਕੀਤੀ ਜਾਂਦੀ ਹੈ ਅਤੇ ਉਕਤ ਰਾਸ਼ੀ ਪਿਛਲੇ ਡੇਢ ਸਾਲ ਤੋਂ ਪੈਂਡਿੰਗ ਪਈ ਹੋਈ ਹੈ?

**ਵਿਕਾਸ ਦੇ ਕੰਮਾਂ ਲਈ ਕੀਤੀ ਖਰੀਦ ਦੀ ਪੜਤਾਲ ਕਰਨਾ**

**274. ਸਰਦਾਰ ਦਿਲਰਾਜ ਸਿੰਘ ਭੂੰਦੜ, ਐਮ.ਐਲ.ਏ:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਸਰਕਾਰ ਦੇ ਧਿਆਨ ਵਿੱਚ ਹੈ ਕਿ ਜ਼ਿਲ੍ਹਾ ਮਾਨਸਾ ਦੇ ਵੱਖ-ਵੱਖ ਖੇਤਰਾਂ ਵਿਚ ਚੱਲ ਰਹੇ ਵਿਕਾਸ ਦੇ ਕੰਮਾਂ ਲਈ inter locking tiles ਦੀ ਖ਼ਰੀਦ ਵੀ ਵੱਖਰੇ-ਵੱਖਰੇ ਰੇਟਾਂ ਤੇ ਕੀਤੀ ਗਈ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ਅਤੇ ਕੀ ਘਪਲੇ ਦੀ ਪੜਤਾਲ ਕਰਕੇ ਦੋਸ਼ੀ ਅਧਿਕਾਰੀਆਂ ਤੇ ਕਰਮਚਾਰੀਆਂ ਦੇ ਵਿਰੁਧ ਕਾਰਵਾਈ ਕਰਨ ਦੀ ਸਰਕਾਰ ਦੀ ਕੋਈ ਤਜਵੀਜ਼ ਹੈ, ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

**ਵਿਧਾਨ ਸਭਾ ਹਲਕਾ ਸਰਦੂਲਗੜ੍ਹ ਵਿਚ ਕੀਤੇ ਜਾ ਰਹੇ ਘਰਾਂ ਦੇ ਨਿਰਮਾਣ ਸਬੰਧੀ**

**275. ਸਰਦਾਰ ਦਿਲਰਾਜ ਸਿੰਘ ਭੂੰਦੜ, ਐਮ.ਐਲ.ਏ:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪ੍ਰਧਾਨ ਮੰਤਰੀ ਗ੍ਰਾਮ ਅਵਾਸ ਯੋਜਨਾ ਤਹਿਤ ਮਾਰਚ, 2017 ਤੋਂ 31 ਦਸੰਬਰ, 2018 ਤੱਕ ਵਿਧਾਨ ਸਭਾ ਹਲਕਾ ਸਰਦੂਲਗੜ੍ਹ (ਜ਼ਿਲ੍ਹਾ ਮਾਨਸਾ) ਵਿੱਚ ਕਿੰਨੇ ਘਰਾਂ ਦਾ ਨਿਰਮਾਣ ਕੀਤਾ ਗਿਆ ਹੈ ਅਤੇ ਕਿੰਨੇ ਘਰਾਂ ਦੇ ਨਿਰਮਾਣ ਦਾ ਕੰਮ ਅਜੇ ਅਧੂਰਾ ਪਿਆ ਹੈ ਅਤੇ ਜਿਹੜੇ ਘਰ ਮੁਕੰਮਲ ਤੌਰ ਤੇ ਬਣ ਚੁੱਕੇ ਹਨ ਉਨ੍ਹਾਂ ਦੀ ਤੀਜੀ ਕਿਸ਼ਤ ਸਰਕਾਰ ਵੱਲੋਂ ਨਾ ਦੇਣ ਦੇ ਕੀ ਕਾਰਨ ਹਨ ਅਤੇ ਪੈਂਡਿੰਗ ਕਿਸ਼ਤ ਕਦੋਂ ਤੱਕ ਦੇ ਦਿੱਤੀ ਜਾਵੇਗੀ;

ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਜਿਹੜੇ ਘਰਾਂ ਦੇ ਨਿਰਮਾਣ ਦਾ ਕੰਮ ਅਜੇ ਅਧੂਰਾ ਹੈ ਨੂੰ ਕਦੋਂ ਤੱਕ ਮੁਕੰਮਲ ਕਰ ਦਿੱਤਾ ਜਾਵੇਗਾ?

ਚੰਡੀਗੜ੍ਹ
ਮਿਤੀ 18 ਫਰਵਰੀ, 2019

ਸੁਪਰਡੈਂਟ
ਪੰਜਾਬ ਵਿਧਾਨ ਸਭਾ
ਚੰਡੀਗੜ੍ਹ

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।